# ਨਗਰ ਨਿਗਮ ਜਲੰਧਰ

## ਦਰਜਾ-4 ਕਰਮਚਾਰੀ ਦੀ ਭਰਤੀ ਲਈ ਅਰਜੀ ਫਾਰਮ

ਫਾਰਮ ਨੰ: ____________

ਇਸ਼ਤਿਹਾਰ ਮਿਤੀ 30.12.2025 ਵਿਭਾਗ ਦਾ ਨਾਮ ਨਗਰ ਨਿਗਮ, ਜਲੰਧਰ

ਅਸਾਮੀ ਦਾ ਨਾਂ ਅਤੇ ਕੋਡ ____________

ਕੈਟਾਗਰੀ ____________ ਕੈਟਾਗਰੀ ਦਾ ਕੋਡ ____________

ਤਸਦੀਕਸ਼ੁਦਾ ਫੋਟੋ

1. ਬਿਨੈਕਾਰ ਦਾ ਨਾਮ ____________ ਇਸਤਰੀ/ਪੁਰਸ਼ ____________
2. ਪਿਤਾ/ਪਤੀ ਦਾ ਨਾਮ ____________
3. ਜਨਮ ਮਿਤੀ ____________
4. ਮਿਤੀ 01.01.2026 ਨੂੰ ਉਮਰ (ਸਾਲ ______ ਮਹੀਨੇ ______ ਦਿਨ ______)
5. ਘਰ ਦਾ ਪੱਕਾ ਪਤਾ ____________
   ____________ ਤਹਿਸੀਲ ____________ ਜਿਲ੍ਹਾ ____________
6. ਪੱਤਰ ਵਿਹਾਰ ਲਈ ਪਤਾ ____________
   ____________ ਤਹਿਸੀਲ ____________ ਜਿਲ੍ਹਾ ____________
7. ਮੋਬਾਈਲ/ਟੈਲੀਫੋਨ ਨੰ. ____________
8. ਕੌਮੀਅਤ ____________
9. ਕੀ ਤੁਸੀ ਜਲੰਧਰ ਸ਼ਹਿਰ ਦੇ ਰਿਹਾਇਸ਼ੀ ਹੋ? ਜੇਕਰ ਹਾਂ ਤਾਂ ਵਾਰਡ ਨੰ. ____________
   ਇਹਨਾਂ ਵਿੱਚੋਂ ਰਿਹਾਇਸ਼ ਸਬੰਧੀ ਕਿਹੜਾ ਦਸਤਾਵੇਜ਼ ਨੱਥੀ ਕੀਤਾ ਗਿਆ ਹੈ। (ਰਿਹਾਇਸ਼ੀ ਸਰਟੀਫਿਕੇਟ/ ਵੋਟਰਕਾਰਡ /ਡਰਾਈਵਿੰਗ ਲਾਈਸੈਂਸ)
   ____________
10. ਜਿਸ ਕੋਟੇ ਵਿੱਚ ਅਪਲਾਈ ਕੀਤਾ ਜਾ ਰਿਹਾ ਹੈ, ਉਸਦਾ ਸਰਟੀਫਿਕੇਟ ਨੱਥੀ ਕੀਤਾ ਗਿਆ ਹੈ? ਹਾਂ ਜਾਂ ਨਹੀਂ? ____________
11. ਵਿਦਿਅਕ ਯੋਗਤਾਵਾਂ (ਜਿਹਨਾਂ ਅਸਾਮੀਆਂ ਦੀਆਂ ਵਿਦਿਅਕ ਯੋਗਤਾਵਾਂ ਅੱਠਵੀਂ ਜਾਂ ਇਸਤੋਂ ਵੱਧ ਹੈ ਉਹਨਾਂ ਵਾਸਤੇ 8ਵੀਂ ਵਿੱਚ ਪੰਜਾਬੀ ਵਿਸ਼ਾ ਪਾਸ ਹੋਣਾ ਲਾਜ਼ਮੀ ਹੈ।)

| ਲੜੀ ਨੰ: | ਸਿਖਿਅਕ ਯੋਗਤਾ ਅਤੇ ਪ੍ਰੋਫੈਸ਼ਨਲ ਯੋਗਤਾ | ਬੋਰਡ/ਯੂਨੀਵਰਸਿਟੀ | ਕੁਲ ਅੰਕ | ਪ੍ਰਾਪਤ ਕੀਤੇ ਅੰਕ | ਪ੍ਰਾਪਤ ਕੀਤੇ ਅੰਕਾਂ ਦੀ ਪ੍ਰਤੀਸ਼ਤਤਾ | ਕਥਨ, ਜੇ ਕੋਈ ਹੋਵੇ |
|---|---|---|---|---|---|---|
| 1 | | | | | | |
| 2 | | | | | | |
| 3 | | | | | | |
| 4 | | | | | | |

12. ਪੰਜਾਬੀ ਭਾਸ਼ਾ ਦਾ ਐਜੂਕੇਸ਼ਨ ਲੈਵਲ: ____________
13. ਜੇਕਰ ਤੁਸੀਂ ਕਿਸੀ ਸਰਕਾਰੀ ਜਾਂ ਅਰਧ ਸਰਕਾਰੀ ਵਿਭਾਗ ਵਿੱਚ ਕੰਮ ਕੀਤਾ ਹੈ ਤਾਂ ਇਸ ਸੰਬੰਧੀ ਹੇਠ ਅਨੁਸਾਰ ਜਾਣਕਾਰੀ ਦਿੱਤੀ ਜਾਵੇ ਅਤੇ ਸਮਰੱਥ ਅਧਿਕਾਰੀ ਵੱਲੋਂ ਜਾਰੀ ਕੀਤੀਆਂ ਅਸਲ ਸਰਟੀਫਿਕੇਟ ਨੱਥੀ ਕੀਤੇ ਜਾਵੇ :-
    1) ਵਿਭਾਗ ਦਾ ਨਾਮ ____________ 2) ਅਸਾਮੀ ਜਿਸ ਤੇ ਕੰਮ ਕੀਤਾ ਹੈ ____________ 3) ਕੁੱਲ ਤਜਰਬਾ (ਸਾਲਾਂ ਵਿਚ) ____________
14. ਪੰਜਾਬ ਨੈਸ਼ਨਲ ਬੈਂਕ ਵਿੱਚ ਜਮਾ ਕਰਵਾਈ ਫਾਰਮ ਫੀਸ ਦਾ ਵੇਰਵਾ:- ਬੈਂਕ ਦੀ ਬ੍ਰਾਂਚ ਦੇ ਸ਼ਹਿਰ ਦਾ ਨਾਮ ____________ ਬ੍ਰਾਂਚ ਦਾ ਨਾਮ ____________ ਚਲਾਨ ਨੰਬਰ ____________ ਮਿਤੀ ________ ਰਕਮ ________ (ਰਸੀਦ ਦੀ ਅਸਲ ਕਾਪੀ ਨੱਥੀ ਕੀਤੀ ਜਾਵੇ)
    **(ਜਨਰਲ ਕੈਟਾਗਰੀ – 200 ਰੁਪਏ ਅਤੇ ਬਾਕੀ ਸਾਰੀ ਕੈਟਾਗਰੀਆਂ – 100 ਰੁਪਏ)**
15. ਕੀ ਤੁਹਾਨੂੰ ਕਿਸੇ ਸਰਕਾਰੀ ਨੌਕਰੀ ਤੋਂ ਮੁਅਤੱਲ ਕੀਤਾ ਗਿਆ ਹੈ ਜਾਂ ਕਿਸੇ ਅਦਾਲਤ ਵੱਲੋਂ ਦੋਸ਼ੀ ਠਹਿਰਾਇਆ ਗਿਆ ਹੈ? ਹਾਂ ਜਾਂ ਨਹੀਂ ____________
    ਜੇਕਰ ਜੁਆਬ ਹਾਂ ਹੈ ਤਾਂ ਇਸਦਾ ਵੇਰਵਾ ਦਿੱਤਾ ਜਾਵੇ ____________
16. ਨੱਥੀ ਕੀਤੇ ਤਸਦੀਕਸ਼ੁਦਾ ਦਸਤਾਵੇਜਾਂ ਦਾ ਵੇਰਵਾ: ____________

**ਨੋਟ :- ਫਾਰਮ ਜਮ੍ਹਾਂ ਕਰਵਾਉਣ ਸਮੇਂ ਬਿਨੈਕਾਰ ਨਾਲ ਨੱਥੀ ਕੀਤੇ ਗਏ ਦਸਤਾਵੇਜਾਂ ਦੀ ਤਸਦੀਕਸ਼ੁਦਾ ਕਾਪੀਆਂ ਅਤੇ ਅਸਲ ਸਰਟੀਫਿਕੇਟ ਲੈਕੇ ਪੇਸ਼ ਹੋਣ।**

ਬਿਆਨ :- ਮੈਂ ਸੱਚੇ ਦਿਲੋਂ ਐਲਾਨ ਕਰਦਾ/ਕਰਦੀ ਹਾਂ ਕਿ ਮੇਰੀ ਜਾਣਕਾਰੀ ਅਤੇ ਵਿਸ਼ਵਾਸ ਅਨੁਸਾਰ ਉਕਤ ਸੂਚਨਾ ਬਿਲਕੁਲ ਠੀਕ ਹੈ ਅਤੇ ਮੈਂ ਇਸ ਗੱਲ ਤੋਂ ਜਾਣੂ ਹਾਂ ਕਿ ਜੇਕਰ ਉਕਤ ਸੂਚਨਾ ਜਾਂ ਮੇਰੇ ਵੱਲੋਂ ਦਿੱਤੇ ਗਏ ਦਸਤਾਵੇਜਾਂ ਵਿਚ ਕੋਈ ਖਾਮੀ ਪਾਈ ਜਾਂਦੀ ਹੈ ਤਾਂ ਮੈਨੂੰ ਮਿਲੇ ਸੇਵਾ ਦੇ ਲਾਭ ਸਰਸਰੀ ਤੌਰ ਤੇ ਖਤਮ ਹੋ ਜਾਣਗੇ।

ਬਿਨੈਕਾਰ ਦੇ ਹਸਤਾਖਰ ਅਤੇ ਪੂਰਾ ਪਤਾ

---

**(ਦਫਤਰੀ ਵਰਤੋਂ ਲਈ)** **ਫਾਰਮ ਨੰਬਰ ____________ ਮਿਤੀ ____________**

**ਬਿਨੈਕਾਰ ਦਾ ਨਾਮ ਅਤੇ ਪਿਤਾ/ਪਤੀ ਦਾ ਨਾਮ:-** ................................................

**ਪੂਰਾ ਪਤਾ** ................................................
................................................
................................................

**ਜਿਸ ਪੋਸਟ ਲਈ ਅਪਲਾਈ ਕੀਤਾ ਹੈ ਉਸਦਾ ਨਾਮ :-** ................................................

**ਸੁਪਰਡੰਟ ਦਾ ਨਾਮ................................................ਫਾਰਮ ਰਸੀਟ ਕਰਨ ਵਾਲੇ ਕਰਮਚਾਰੀ ਦਾ ਨਾਮ........................**

ਹਸਤਾਖਰ................................................ ਹਸਤਾਖਰ................................................

# ਨਗਰ ਨਿਗਮ ਜਲੰਧਰ

## ਦਰਜਾ-4 ਕਰਮਚਾਰੀਆਂ ਦੀ ਭਰਤੀ ਲਈ ਲੋੜੀਂਦੀਆਂ ਯੋਗਤਾਵਾਂ ਅਤੇ ਸ਼ਰਤਾਂ ਦਾ ਵੇਰਵਾ

ਨਗਰ ਨਿਗਮ ਜਲੰਧਰ ਵਿਖੇ ਵੱਖ ਵੱਖ ਦਰਜਾ 4 ਦੀਆਂ ਕੁੱਲ 1196 ਅਸਾਮੀਆਂ ਦੀ ਭਰਤੀ ਹਿਤ ਅਰਜੀਆਂ ਦੀ ਮੰਗ ਕੀਤੀ ਜਾਂਦੀ ਹੈ।ਇਹਨਾ ਅਸਾਮੀਆਂ ਦੀ ਦਰਸਾਈ ਗਈ ਗਿਣਤੀ ਕਿਸੀ ਵੀ ਸਟੇਜ ਤੇ ਘਟਾਈ ਜਾਂ ਵਧਾਈ ਜਾ ਸਕਦੀ ਹੈ ਜੋ ਕਿ ਇਸ ਭਰਤੀ ਪ੍ਰਕਿਰਿਆ ਤੇ ਲਾਗੂ ਹੋਵੇਗੀ। ਇਹਨਾਂ ਅਸਾਮੀਆਂ ਦੇ ਭਰਤੀ ਸਬੰਧੀ ਫਾਰਮ ਨਗਰ ਨਿਗਮ ਜਲੰਧਰ ਦੀ ਵੈਬਸਾਈਟ www.mcjalandhar.in ਤੋਂ ਡਾਊਨਲੋਡ ਕਰਕੇ ਭਰਿਆ ਜਾਵੇਗਾ ਅਤੇ ਅਰਜੀ ਦੇ ਨਾਲ ਨੱਥੀ ਹੋਣ ਵਾਲੇ ਦਸਤਾਵੇਜਾਂ ਦੀ ਸੂਚੀ ਅਤੇ ਹੋਰ ਜਰੂਰੀ ਸੂਚਨਾਵਾਂ ਦਾ ਵੇਰਵਾ ਹੇਠ ਅਨੁਸਾਰ ਹੈ :-

| ਲੜੀ ਨੰ. | ਅਸਾਮੀ ਦਾ ਨਾਮ | ਅਸਾਮੀ ਦਾ ਕੋਡ | ਕੁਲ ਅਸਾਮੀਆਂ | ਤਨਖਾਹ | ਯੋਗਤਾਵਾਂ |
|---|---|---|---|---|---|
| 1 | Safai Sewak | 101 | 440 | 18,000/- As per 7th CPC | ਪੜ੍ਹ ਲਿਖ ਸਕਦਾ ਹੋਵੇ (ਜੇਕਰ ਇਸ ਅਸਾਮੀ ਤੇ ਕਿਸੇ ਸਰਕਾਰੀ/ਅਰਧ ਸਰਕਾਰੀ ਸੰਸਥਾ ਵਿੱਚ ਕੰਮ ਕੀਤਾ ਹੈ ਤਾਂ ਉਸ ਸੰਸਥਾ ਤੋਂ ਜਾਰੀ ਤਸਦੀਕਸ਼ੁਦਾ ਸਰਟੀਫਿਕੇਟ ਨਾਲ ਨੱਥੀ ਕੀਤਾ ਜਾਵੇ) |
| 2 | Sewerman | 102 | 165 | | ਪੜ੍ਹ ਲਿਖ ਸਕਦਾ ਹੋਵੇ (ਜੇਕਰ ਇਸ ਅਸਾਮੀ ਤੇ ਕਿਸੇ ਸਰਕਾਰੀ/ਅਰਧ ਸਰਕਾਰੀ ਸੰਸਥਾ ਵਿੱਚ ਕੰਮ ਕੀਤਾ ਹੈ ਤਾਂ ਉਸ ਸੰਸਥਾ ਤੋਂ ਜਾਰੀ ਤਸਦੀਕਸ਼ੁਦਾ ਸਰਟੀਫਿਕੇਟ ਨਾਲ ਨੱਥੀ ਕੀਤਾ ਜਾਵੇ) |
| 3 | Garden Beldar/ Mali | 103 | 406 | | ਘੱਟੋ ਘੱਟ 8ਵੀਂ ਸਮੇਤ ਪੰਜਾਬੀ ਵਿਸ਼ੇ ਨਾਲ ਪਾਸ (ਜੇਕਰ ਪੰਜਾਬ ਸਰਕਾਰ ਵਲੋਂ ਮਾਨਤਾ ਪ੍ਰਾਪਤ ਕਿਸੇ ਸਰਕਾਰੀ ਸੰਸਥਾ ਪਾਸੋਂ Horticulture/ Gardening ਦਾ ਕੋਰਸ ਕੀਤਾ ਹੈ ਤਾਂ ਉਸਦੀ ਕਾਪੀ ਨੱਥੀ ਕੀਤੀ ਜਾਵੇ ਅਤੇ ਜੇਕਰ ਇਸ ਅਸਾਮੀ ਤੇ ਕਿਸੇ ਸਰਕਾਰੀ/ਅਰਧ ਸਰਕਾਰੀ ਸੰਸਥਾ ਵਿੱਚ ਕੰਮ ਕੀਤਾ ਹੈ ਤਾਂ ਉਸ ਸੰਸਥਾ ਤੋਂ ਜਾਰੀ ਤਸਦੀਕਸ਼ੁਦਾ ਸਰਟੀਫਿਕੇਟ ਨਾਲ ਨੱਥੀ ਕੀਤਾ ਜਾਵੇ) |
| 4 | Road Beldar | 104 | 160 | | ਘੱਟੋ ਘੱਟ 8ਵੀਂ ਸਮੇਤ ਪੰਜਾਬੀ ਵਿਸ਼ੇ ਨਾਲ ਪਾਸ (ਜੇਕਰ ਇਸ ਅਸਾਮੀ ਤੇ ਕਿਸੇ ਸਰਕਾਰੀ/ਅਰਧ ਸਰਕਾਰੀ ਸੰਸਥਾ ਵਿੱਚ ਕੰਮ ਕੀਤਾ ਹੈ ਤਾਂ ਉਸ ਸੰਸਥਾ ਤੋਂ ਜਾਰੀ ਤਸਦੀਕਸ਼ੁਦਾ ਸਰਟੀਫਿਕੇਟ ਨਾਲ ਨੱਥੀ ਕੀਤਾ ਜਾਵੇ) |
| 5 | Fitter Coolie | 105 | 25 | | ਘੱਟੋ ਘੱਟ 8ਵੀਂ ਸਮੇਤ ਪੰਜਾਬੀ ਵਿਸ਼ੇ ਨਾਲ ਪਾਸ (ਜੇਕਰ ਇਸ ਅਸਾਮੀ ਤੇ ਕਿਸੇ ਸਰਕਾਰੀ/ਅਰਧ |

| | | | | | |
|---|---|---|---|---|---|
| | | | | | ਸਰਕਾਰੀ ਸੰਸਥਾ ਵਿੱਚ ਕੰਮ ਕੀਤਾ ਹੈ ਤਾਂ ਉਸ ਸੰਸਥਾ ਤੋਂ ਜਾਰੀ ਤਸਦੀਕਸ਼ੁਦਾ ਸਰਟੀਫਿਕੇਟ ਨਾਲ ਨੱਥੀ ਕੀਤਾ ਜਾਵੇ) |

## 3. ਸ਼੍ਰੇਣੀ ਅਤੇ ਕੋਡ

| Sr. no | Category | Code |
|---|---|---|
| 1 | SC | 501 |
| 2 | SC(F) | 502 |
| 3 | BC | 503 |
| 4 | BC(F) | 504 |
| 5 | EX-SERVICEMAN | 505 |
| 6 | EX-SERVICEMAN(F) | 506 |
| 7 | HANDICAP(F) | 507 |
| 8 | SPORTS | 508 |
| 9 | SPORTS(F) | 509 |
| 10 | GENERAL | 510 |
| 11 | GENERAL (F) | 511 |
| 12 | GENERAL (EWS) | 512 |
| 13 | EWS(F) | 513 |
| 14 | EX-SERVICEMAN(SC) | 514 |
| 15 | EX-SERVICEMAN(BC) | 515 |
| 16 | FREEDOM FIGHTER | 516 |

**ਉਮਰ ਸੀਮਾ:-**

ਉਪਰੋਕਤ ਅਸਾਮੀਆਂ ਲਈ ਉਮੀਦਵਾਰਾਂ ਦੀ ਉਮਰ ਸੀਮਾ ਪੰਜਾਬ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਮਿਤੀ 01.01.2026 ਨੂੰ ਹੇਠ ਅਨੁਸਾਰ ਹੋਣੀ ਚਾਹੀਦੀ ਹੈ।

(i) ਕਿਸੇ ਵੀ ਸ਼੍ਰੇਣੀ ਦੇ ਉਮੀਦਵਾਰ ਦੀ ਉਮਰ 18 ਸਾਲ ਤੋਂ ਘੱਟ ਨਹੀਂ ਹੋਣੀ ਚਾਹੀਦੀ।

(ii) ਜਨਰਲ ਸ਼੍ਰੇਣੀ ਦੇ ਉਮੀਦਵਾਰਾਂ ਦੀ ਉਪਰਲੀ ਉਮਰ 37 ਸਾਲ ਤੋਂ ਵੱਧ ਨਹੀਂ ਹੋਣੀ ਚਾਹੀਦੀ।

(iii) ਪੰਜਾਬ ਰਾਜ ਦੇ ਅਨੁਸੂਚਿਤ ਜਾਤੀ ਅਤੇ ਪੱਛੜੀ ਸ਼੍ਰੇਣੀ ਦੇ ਵਸਨੀਕ ਉਮੀਦਵਾਰਾਂ ਦੀ ਵੱਧ ਤੋਂ ਵੱਧ ਉਮਰ ਦੀ ਉਪਰਲੀ ਸੀਮਾ 42 ਸਾਲ ਹੋਵੇਗੀ।

(iv) ਰਾਜ ਅਤੇ ਕੇਂਦਰੀ ਸਰਕਾਰ ਦੇ ਕਰਮਚਾਰੀਆਂ ਲਈ ਉਮਰ ਦੀ ਉਪਰਲੀ ਸੀਮਾਂ ਵਿੱਚ ਛੋਟ ਦਿੰਦੇ ਹੋਏ ਵੱਧ ਤੋਂ ਵੱਧ ਉਮਰ ਸੀਮਾ 45 ਸਾਲ ਹੋਵੇਗੀ।

(v) ਪੰਜਾਬ ਦੇ ਵਸਨੀਕ ਸਾਬਕਾ ਫੌਜੀਆਂ ਦੇ ਕੇਸ ਵਿੱਚ ਉਮਰ ਦੀ ਉਪਰਲੀ ਸੀਮਾ Punjab Recruitment of Ex-Servicemen Rules, 1982 ਵਿੱਚ ਸਮੇਂ-ਸਮੇਂ ਹੋਈਆਂ ਸੋਧਾਂ ਅਨੁਸਾਰ ਹੋਵੇਗੀ। ਇਹ ਉਮਰ ਦੀ ਉਪਰਲੀ ਸੀਮਾ ਉਹਨਾਂ ਦੀ ਫੌਜ ਵਿੱਚ ਕੀਤੀ ਸੇਵਾ ਦਾ ਸਮਾਂ ਉਹਨਾਂ ਦੀ ਉਮਰ ਵਿੱਚੋਂ ਘਟਾਉਣ ਤੋਂ ਬਾਅਦ ਬਾਕੀ ਬਚੀ ਉਮਰ, ਜੇਕਰ ਸੇਵਾ ਰੂਲਾਂ ਅਨੁਸਾਰ ਅਸਾਮੀ ਦੀ ਉਪਰਲੀ ਸੀਮਾਂ ਤੋਂ 3 ਸਾਲ ਵੱਧ ਨਹੀਂ ਹੋਵੇਗੀ ਤਾਂ ਮੰਨਿਆ ਜਾਵੇਗਾ ਕਿ ਉਹ ਉਮਰ ਦੀ ਉਪਰਲੀ ਸੀਮਾਂ ਦੀਆਂ ਸ਼ਰਤਾਂ ਪੂਰੀਆਂ ਕਰਦਾ ਹੈ।

(vi) ਪੰਜਾਬ ਦੇ ਵਸਨੀਕ ਦਿਵਿਆਂਗ ਉਮੀਦਵਾਰਾਂ ਲਈ ਉਮਰ ਦੀ ਉਪਰਲੀ ਸੀਮਾਂ ਵਿੱਚ 10 ਸਾਲ ਦੀ ਛੋਟ ਦਿੰਦੇ ਹੋਏ ਵੱਧ ਤੋਂ ਵੱਧ ਉਮਰ ਸੀਮਾ 47 ਸਾਲ ਹੋਵੇਗੀ।

(vii) The upper age limit for widows, divorces and certain other categories of married women as per instructions by the Government of Punjab vide letter No. 1/50/83-5PP (1368)/3454 dated 23.04.1984 will be relaxed up to 40 years.

**ਨੋਟ:- 1. ਰਾਜ ਅਤੇ ਕੇਂਦਰੀ ਸਰਕਾਰ ਦੇ ਕਰਮਚਾਰੀਆਂ ਨੂੰ ਉਮਰ ਦੀ ਉਪਰਲੀ ਸੀਮਾਂ ਵਿੱਚ ਛੋਟ ਲੈਣ ਲਈ ਆਪਣੇ ਵਿਭਾਗ ਤੋਂ NOC ਲੈ ਕੇ ਕਾਊਂਸਲਿੰਗ ਸਮੇਂ ਪੇਸ਼ ਕਰਨਾ ਪਵੇਗਾ।**

<u>ਦਸਤਾਵੇਜਾਂ ਦੀ ਸੂਚੀ ਜੋ ਕਿ ਅਰਜੀ ਫਾਰਮ ਦੇ ਨਾਲ ਨੱਥੀ ਕੀਤੇ ਜਾਣੇ ਹਨ:-</u>

1. ਉਮਰ ਸੰਬੰਧੀ ਦਸਤਾਵੇਜ (ਜਨਮ ਸਰਟੀਫਿਕੇਟ, ਪੈਨਕਾਰਡ, ਡਰਾਈਵਿੰਗ ਲਾਈਸੈਂਸ, ਵੋਟਰ ਆਈ.ਡੀ ਕਾਰਡ, ਪਾਸਪੋਰਟ)
2. ਰਿਹਾਇਸ਼ ਸੰਬੰਧੀ ਦਸਤਾਵੇਜ (ਰਿਹਾਇਸ਼ ਸਰਟੀਫਿਕੇਟ, ਵੋਟਰਕਾਰਡ, ਪਾਸਪੋਰਟ ਅਤੇ ਡਰਾਈਵਿੰਗ ਲਾਈਸੈਂਸ)
3. ਵਿਦਿਅਕ ਯੋਗਤਾਵਾਂ ਸੰਬੰਧੀ ਦਸਤਾਵੇਜ (ਸੀਵਰਮੈਨ ਅਤੇ ਸਫਾਈ ਸੇਵਕ ਲਈ ਵਿਦਿਅਕ ਯੋਗਤਾ ਨਿੱਲ ਹੈ ਬਾਕੀ ਦੀਆਂ ਅਸਾਮੀਆਂ ਮਾਲੀ/ ਗਾਰਡਨ ਬੇਲਦਾਰ, ਫਿਟਰਕੁਲੀ ਅਤੇ ਰੋਡ ਬੇਲਦਾਰ ਲਈ ਘੱਟ ਤੋਂ ਘੱਟ ਅੱਠਵੀਂ ਸਮੇਤ ਪੰਜਾਬੀ ਵਿਸ਼ੇ ਪਾਸ ਦਾ ਸਰਟੀਫਿਕੇਟ ਨੱਥੀ ਕੀਤਾ ਜਾਵੇ।
4. ਕਿਸੇ ਵੀ ਸਰਕਾਰੀ ਜਾਂ / ਅਰਧਸਰਕਾਰੀ ਵਿਭਾਗ ਤੋਂ ਪ੍ਰਾਪਤ ਕੀਤੇ ਗਏ ਤਜ਼ਰਬੇ ਸੰਬੰਧੀ ਦਸਤਾਵੇਜ ਸਮਰੱਥ ਅਥਾਰਟੀ ਵੱਲੋਂ ਤਸਦੀਕਸ਼ੁਦਾ ਹੋਣੇ ਲਾਜ਼ਮੀ ਹਨ ਅਤੇ ਇਸਦੀ ਅਸਲ ਕਾਪੀ ਫਾਰਮ ਨਾਲ ਨੱਥੀ ਕੀਤੀ ਜਾਵੇ।
5. ਕੈਟਾਗਰੀ ਸਬੰਧੀ ਸਰਟੀਫਿਕੇਟ ਜੋ ਕਿ ਵੱਖ-ਵੱਖ ਮਹਿਕਮਿਆਂ ਵੱਲੋਂ ਜਾਰੀ ਕੀਤੇ ਹਨ ਦੀ ਤਸਦੀਕਸ਼ੁਦਾ ਕਾਪੀ ਨੱਥੀ ਕੀਤੀ ਜਾਵੇ। (ਜਿਵੇਂ ਕਿ - SC, BC,EX-SERVICEMAN, HANDICAP, SPORTS, GENERAL (EWS), FREEDOM FIGHTER, ETC.)
6. ਉਮੀਦਵਾਰਾਂ ਵੱਲੋਂ ਅਪਣੀ ਐਪਲੀਕੇਸ਼ਨ ਦੇ ਨਾਲ ਜੋ ਸਰਟੀਫਿਕੇਟਾਂ ਦੀਆਂ ਕਾਪੀਆਂ ਨੱਥੀ ਕੀਤੀਆਂ ਜਾਣਗੀਆਂ ਉਨ੍ਹਾਂ ਨੂੰ ਸੈਲਫ ਅਟੈਸਟ ਕੀਤਾ ਜਾਵੇ।

<u>ਇਹਨਾਂ ਅਸਾਮੀਆਂ ਤੇ ਅਪਲਾਈ ਕਰਨ ਦੀ ਫੀਸ ਹੇਠ ਅਨੁਸਾਰ ਹੋਵੇਗੀ:-</u>

1. ਜਨਰਨ ਕੈਟਾਗਰੀ-200 ਰੁਪਏ
2. ਬਾਕੀ ਸਾਰੀ ਕੈਟਾਗਰੀਆਂ- 100 ਰੁਪਏ (SC, BC, BC,EX-SERVICEMAN, HANDICAP, SPORTS, GENERAL (EWS), EX-SERVICEMAN, FREEDOM FIGHTER,ETC.)

**1. ਅਪਲਾਈ ਕਰਨ ਦੀ ਵਿਧੀ**

1. ਉਮੀਦਵਾਰ ਨਗਰ ਨਿਗਮ ਜਲੰਧਰ ਦੀ ਵੈਬਸਾਈਟ ਤੋਂ ਮਿਤੀ 10.01.2026 ਤੋਂ ਭਰਤੀ ਸੰਬੰਧੀ ਫਾਰਮ ਅਤੇ ਫੀਸ ਦਾ ਚਲਾਨ ਡਾਊਨਲੋਡ ਕਰਣਗੇ। ਫੀਸ ਕਿਸੇ ਵੀ ਪੰਜਾਬ ਨੈਸ਼ਨਲ ਬੈਂਕ ਦੀ ਸ਼ਾਖਾ ਵਿੱਚ ਜਮਾਂ ਕਰਵਾਈ ਜਾ ਸਕਦੀ ਹੈ। (HEAD- MCJL Account No 0235000113238475)ਜਿਸਦੀ ਰਸੀਦ ਦੀ ਇੱਕ ਅਸਲ ਕਾਪੀ ਫਾਰਮ ਦੇ ਨਾਲ ਨੱਥੀ ਕੀਤੀ ਜਾਣੀ ਲਾਜ਼ਮੀ ਹੈ। ਫੀਸ ਦੀ ਰਸੀਦ ਤੋਂ ਬਿਨਾਂ ਪ੍ਰਾਪਤ ਫਾਰਮ ਅਯੋਗ ਕਰਾਰ ਦਿੱਤੇ ਜਾਣਗੇ।
2. ਇੱਕ ਫਾਰਮ ਤੇ ਕੇਵਲ ਇੱਕ ਅਸਾਮੀ ਲਈ ਹੀ ਅਪਲਾਈ ਕੀਤਾ ਜਾ ਸਕਦਾ ਹੈ।
3. ਇਸ ਫਾਰਮ ਦੇ ਨਾਲ ਉਮੀਦਵਾਰ ਵਲੋਂ ਇਸ਼ਤਿਹਾਰ ਵਿੱਚ ਦਿੱਤੀਆਂ ਸ਼ਰਤਾ ਅਨੁਸਾਰ ਲੋੜੀਂਦੇ ਦਸਤਾਵੇਜ ਅਤੇ ਵਿਦਿਅਕ ਯੋਗਤਾਵਾਂ ਆਦਿ ਦੇ ਦਸਤਾਵੇਜ ਨੱਥੀ ਕਰ ਕੇ ਨਗਰ ਨਿਗਮ ਜਲੰਧਰ ਦੇ ਹੇਠ ਲਿਖੇ ਸੈਂਟਰਾਂ ਤੇ ਮਿਤੀ 15.01.2026 ਤੋਂ ਮਿਤੀ 27.02.2026 ਤੱਕ ਜਮਾ ਕਰਵਾਏ ਜਾਣਗੇ।
    i. ਨਗਰ ਨਿਗਮ, ਜਲੰਧਰ ਦੇ ਮੁੱਖ ਦਫ਼ਤਰ ਨੇੜੇ ਕੰਪਨੀ ਬਾਗ ਦੀ ਬੇਸਮੈਂਟ ਵਿੱਚ ਸਥਿਤ ਸੀ.ਐਫ.ਸੀ. ਸੈਂਟਰ।
    ii. ਨਗਰ ਨਿਗਮ, ਜਲੰਧਰ ਦੇ ਦਫ਼ਤਰ ਜ਼ੋਨ ਨੰ: 4 (ਬਸਤੀ ਸ਼ੇਖ) ਨੇੜੇ ਬਬਰੀਕ ਚੌਂਕ।
    iii. ਨਗਰ ਨਿਗਮ, ਜਲੰਧਰ ਦੇ ਦਫ਼ਤਰ ਗੜ੍ਹਾ ਜੋਨ (ਨੇੜੇ ਪਾਣੀ ਵਾਲੀ ਟੈਂਕੀ)।
    iv. ਨਗਰ ਨਿਗਮ, ਜਲੰਧਰ ਦੇ ਦਫ਼ਤਰ ਦਾਦਾ ਕਲੋਨੀ ਜੋਨ(ਨੇੜੇ ਸੋਢਲ ਮੰਦਰ ਬੈਕਸਾਈਡ ਫਾਇਰ ਬ੍ਰਿਗਰੇਡ ਦਫ਼ਤਰ)।
4. ਨਿਸ਼ਚਿਤ ਮਿਤੀ 27.02.2026 ਤੋਂ ਬਾਅਦ ਕਿਸੇ ਵੀ ਉਮੀਦਵਾਰ ਦਾ ਫਾਰਮ ਜਮਾ ਨਹੀਂ ਕੀਤਾ ਜਾਵੇਗਾ।
5. ਜੇਕਰ ਉਮੀਦਵਾਰ ਵਲੋਂ ਫਾਰਮ ਗਲਤ ਭਰਿਆ ਜਾਂਦਾ ਹੈ ਜਾਂ ਫਾਰਮ ਭਰਨ ਵਿੱਚ ਕੋਈ ਹੋਰ ਗਲਤੀ ਕੀਤੀ ਜਾਂਦੀ ਹੈ ਤਾਂ ਇਸ ਵਿੱਚ ਬਾਅਦ ਵਿੱਚ ਕੋਈ ਸੋਧ ਨਹੀ ਕੀਤੀ ਜਾਵੇਗੀ ਅਤੇ ਨਾ ਹੀ ਇਸ ਸਬੰਧੀ ਕਿਸੇ ਬੇਨਤੀ ਪੱਤਰ ਨੂੰ ਸਵਿਕਾਰ ਕੀਤਾ ਜਾਵੇਗਾ।
6. ਸਾਰੇ ਉਮੀਦਵਾਰਾ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਉਹ ਆਪਣੇ ਫਾਰਮ ਨਿੱਜੀ ਤੌਰ ਤੇ ਪੇਸ਼ ਹੋਕੇ ਜਮਾ ਕਰਾਉਣ। ਕਿਸੀ ਹੋਰ ਵਿਧੀ ਜਿਵੇਂ ਕਿ ਈ-ਮੇਲ, ਡਾਕ ਜਾਂ ਕਿਸੇ ਹੋਰ ਵਿਅਕਤੀ ਰਾਹੀਂ ਭੇਜੇ ਗਏ ਫਾਰਮ ਸਵੀਕਾਰ ਨਹੀਂ ਕੀਤੇ ਜਾਣਗੇ ਅਤੇ ਉਹਨਾਂ ਫਾਰਮਾਂ ਤੇ ਕੋਈ ਵਿਚਾਰ ਨਹੀਂ ਕੀਤਾ ਜਾਵੇਗਾ। ਅਜਿਹੇ ਫਾਰਮ ਬਿਨਾਂ ਕਿਸੇ ਪੂਰਵ ਸੂਚਨਾ ਤੋਂ ਰੱਦ ਕਰਦੇ ਹੋਏ ਇਹਨਾਂ ਨੂੰ ਭਰਤੀ ਦੀ ਪ੍ਰਕਿਰਿਆ ਤੋਂ ਬਾਹਰ ਕੱਢ ਦਿੱਤਾ ਜਾਵੇਗਾ।

**ਉਮੀਦਵਾਰ ਨੂੰ ਅਯੋਗ ਕਰਾਰ ਦੇਣ ਜਾਂ ਪਾਤਰਤਾਵਾਂ ਰੱਦ ਕਰਨ ਦੀਆਂ ਸ਼ਰਤਾਂ**

1. ਕੇਵਲ ਨਗਰ ਨਿਗਮ ਜਲੰਧਰ ਵਲੋਂ ਜਾਰੀ ਕੀਤੇ ਗਏ ਫਾਰਮ (ਫਾਰਮੈਟ) ਤੇ ਹੀ ਅਰਜੀ ਸਵੀਕਾਰ ਕੀਤੀਆਂ ਜਾਣਗੀਆਂ। ਜੇਕਰ ਕਿਸੇ ਉਮੀਦਵਾਰ ਵੱਲੋਂ ਨਗਰ ਨਿਗਮ ਜਲੰਧਰ ਵੱਲੋਂ ਫਰੇਮ ਕੀਤੇ ਗਏ ਫਾਰਮ ਤੋਂ ਇਲਾਵਾ ਕਿਸੇ ਹੋਰ ਫਾਰਮੈਟ ਵਿਚ ਅਰਜੀ ਭਰੀ ਹੋਵੇਗੀ ਜਾਂ ਫਾਰਮ ਦੀ ਫੋਟੋ ਕਾਪੀ ਜਮਾ ਕਰਵਾਈ ਜਾਂਦੀ ਹੈ ਤਾਂ ਉਸਦੀ ਪਾਤਰਤਾ ਰੱਦ ਸਮਝੀ ਜਾਵੇਗੀ।
2. ਫਾਰਮ ਵਿੱਚ ਅਧੂਰੀ ਜਾਂ ਗਲਤ ਸੂਚਨਾ ਭਰਨਾ।
3. ਨਗਰ ਨਿਗਮ ਜਲੰਧਰ ਜਾਂ ਕਿਸੇ ਹੋਰ ਸੰਸਥਾ ਵਲੋ ਅਯੋਗ ਕਰਾਰ ਦਿੱਤੇ ਹੋਣਾ।
4. ਲੋੜੀਂਦੀ ਵਿਦਿਅਕ ਯੋਗਤਾਵਾ, ਉਮਰ, ਰਾਖਵਾਕਰਨ ਆਦ ਦੇ ਦਸਤਾਵੇਜ ਨੱਥੀ ਨਾ ਹੋਣ ਦੀ ਸੂਰਤ ਵਿੱਚ।
5. ਨਗਰ ਨਿਗਮ ਜਲੰਧਰ ਵਲੋਂ ਨਿਰਧਾਰਤ ਕਾਊਂਸਲਿੰਗ ਵਿੱਚ ਹਾਜਰ ਨਾ ਹੋਣਾ ।
6. ਕਮੇਟੀ ਵੱਲੋਂ ਕਿਸੇ ਵੀ ਸਟੇਜ਼ ਤੇ ਕਿਸੀ ਵੀ ਉਮੀਦਵਾਰ ਨੂੰ ਕੋਈ ਵੀ ਖਾਮੀ ਪਾਏ ਜਾਣ ਤੇ ਅਯੋਗ ਕਰਾਰ ਕੀਤਾ ਜਾ ਸਕਦਾ ਹੈ।

**ਬਿਨੈਕਾਰਾਂ ਦੇ ਧਿਆਨ ਹਿੱਤ ਅਤਿ ਜਰੂਰੀ ਹਦਾਇਤਾਂ:-**

1. ਉਮੀਦਵਾਰਾ ਵਲੋ ਹਾਸਲ ਕੀਤੇ ਵਿਦਿਅਕ ਯੋਗਤਾ, ਕੈਟੇਗਰੀ ਦੇ ਸਰਟੀਫਿਕੇਟ ਅਤੇ ਤਜਰਬੇ ਦੇ ਸਰਟੀਫਿਕੇਟ ਸਬੰਧਤ ਮਹਿਕਮੇ, ਸਰਕਾਰੀ ਜਾਂ ਅਰਧ ਸਰਕਾਰੀ ਵਿਭਾਗ ਅਤੇ ਮਾਨਤਾ ਪ੍ਰਾਪਤ ਬੋਰਡ/ਸੰਸਥਾ/ਯੂਨੀਵਰਸਿਟੀ ਵਲੋਂ ਸਮੇ ਸਮੇਂ ਤੇ ਜਾਰੀ Guidance/Instructions ਅਨੁਸਾਰ ਹੀ ਹੋਣੇ ਚਾਹੀਦੇ ਹਨ।
2. ਮੁਢਲੀ ਤਨਖਾਹ ਅਤੇ ਹੋਰ ਭੱਤਿਆ ਸੰਬੰਧੀ ਵਿੱਤ ਵਿਭਾਗ(ਵਿੱਤ ਪ੍ਰਸ਼ੋਨਲ ਸ਼ਾਖਾ-1) ਪੰਜਾਬ ਸਰਕਾਰ ਦਾ ਪੱਤਰ ਨੰਬਰ 7/204 /2012-4FP1/66 ਮਿਤੀ 15.01.15 ਅਤੇ ਇਸ ਸਬੰਧੀ ਸਮੇਂ ਸਮੇਂ ਤੇ ਜਾਰੀ ਹੋਰ ਹਦਾਇਤਾਂ ਜਾਰੀ ਹੋਣਗੀਆਂ।
3. ਭਰਤੀ ਦੀ ਪ੍ਰਕਿਰੀਆ ਮੁਕੰਮਲ ਹੋਣ ਤੱਕ ਉਮੀਦਵਾਰ ਵੱਲੋਂ ਫਾਰਮ ਜਮਾਂ ਕਰਵਾਉਣ ਸੰਬੰਧੀ ਰਸੀਦ ਅਤੇ ਫੀਸ ਦੀ ਰਸੀਦ ਸੰਭਾਲ ਕੇ ਰੱਖੀ ਜਾਵੇ।ਨਗਰ ਨਿਗਮ, ਜਲੰਧਰ ਵੱਲੋਂ ਇਹਨਾਂ ਅਨੁਸਾਰ ਹੀ ਕਿਸੇ ਵੀ ਤਰ੍ਹਾਂ ਦਾ ਪੱਤਰ ਵਿਹਾਰ ਕੀਤਾ ਜਾਵੇਗਾ।
4. ਉਪਰੋਕਤ ਦਰਸਾਈਆਂ ਅਸਾਮੀਆਂ ਦੀ ਗਿਣਤੀ ਨਗਰ ਨਿਗਮ ਜਲੰਧਰ ਵਲੋ ਕਿਸੇ ਵੀ ਸਮੇਂ ਘਟਾਈ ਜਾਂ ਵਧਾਈ ਜਾਂ ਸ਼੍ਰੇਣੀ ਵਿੱਚ ਤਬਦੀਲ ਕੀਤੀ ਜਾ ਸਕਦੀ ਹੈ।
5. ਵੱਖ ਵੱਖ ਵਰਗਾਂ/ਸ਼੍ਰੇਣੀਆਂ ਦੀਆਂ ਅਸਾਮੀਆਂ ਉਸ ਵਰਗ/ਸ਼੍ਰੇਣੀ ਵਿੱਚ ਅਸਾਮੀਆਂ ਦੀਆਂ ਉਪਲਬਧਤਾ ਅਨੁਸਾਰ ਭਰੀਆ ਜਾਣਗੀਆਂ।
6. ਉਮੀਦਵਾਰ ਵਲੋ ਭਰਤੀ ਦੀ ਕਿਸੇ ਵੀ ਸਟੇਜ ਤੇ ਉਪਲਬਧ ਕਰਵਾਏ ਦਸਤਾਵੇਜ ਗਲਤ ਸਾਬਤ ਹੋਣ ਤੇ ਉਸ ਦਾ ਨਾਮ ਮੈਰਿਟ ਸੂਚੀ ਵਿਚੋ ਕੱਡ ਦਿੱਤਾ ਜਾਵੇਗਾ ਅਤੇ ਉਸਦੀ ਪਾਤਰਤਾ ਰੱਦ ਕਰ ਦਿੱਤੀ ਜਾਵੇਗੀ। ਅਜਿਹੇ ਉਮੀਦਵਾਰ ਨਿਯਮਾਂ ਅਨੁਸਾਰ ਕਾਨੂੰਨੀ ਕਾਰਵਾਈ ਵੀ ਕੀਤੀ ਜਾ ਸਕਦੀਹੈ।
7. ਕਾਊਂਸਲਿੰਗ ਤੇ ਆਉਣ ਵਾਲੇ ਉਮੀਦਵਾਰਾ ਕੋਈ ਟੀ.ਏ/ਡੀ.ਏ ਅਦਾ ਨਹੀ ਕੀਤਾ ਜਾਵੇਗਾ।
8. ਉਮੀਦਵਾਰ ਵਲੋ ਇੱਕ ਵਾਰ ਅਦਾ ਕੀਤੀ ਗਈ ਫੀਸ ਕਿਸੇ ਵੀ ਸਥਿਤੀ ਵਿਚ ਵਾਪਸ ਨਹੀ ਕੀਤੀ ਜਾਵੇਗੀ।
9. ਇਸ ਭਰਤੀ ਸਬੰਧੀ ਨਗਰ ਨਿਗਮ ਜਲੰਧਰ ਵਲੋਂ ਭਵਿੱਖ ਕੀਤੀ ਵਿੱਚ ਜਾਰੀ ਕੀਤੀ ਕੋਈ ਵੀ ਸੋਧ/ਨੋਟਿਸ/Corrigendum ਜਾ ਪੰਜਾਬ ਸਰਕਾਰ ਵਲੋ ਸਮੇ ਸਮੇ ਤੇ ਹਦਾਇਤਾ/ਨਿਯਮ ਇਸ ਭਰਤੀ ਤੇ ਲਾਗੂ ਹੋਣਗੇ ਅਤੇ ਉਮੀਦਵਾਰਾ ਇਹਨਾਂ ਨਿਯਮਾ ਦੀ ਪਾਲਣਾ ਕਰਨਾ ਯਕੀਨੀ ਬਣਾਉਣਗੇ।

10. ਇਸ ਭਰਤੀ ਵਿੱਚ ਕਿਸੇ ਵੀ ਤਰਾ ਦੀ ਸੋਧ/ਤਬਦੀਲੀ ਕਰਨ ਦਾ ਅਧਿਕਾਰ ਨਗਰ ਨਿਗਮ ਜਲੰਧਰ ਪਾਸ ਰਾਖਵਾ ਹੋਵੇਗਾ ਅਤੇ ਕਿਸੀ ਵੀ ਮਾਮਲੇ/ਵਿਸ਼ੇ ਸਬੰਧੀ ਨਗਰ ਨਿਗਮ ਜਲੰਧਰ ਜਾਂ ਇਸ ਵਲੋ ਗਠਿਤ ਕੀਤੀ ਕਮੇਟੀ ਦਾ ਫੈਸਲਾ ਅੰਤਿਮ ਹੋਵੇਗਾ ਅਤੇ ਸਾਰੇ ਉਮੀਦਵਾਰਾ ਦੇ ਲਾਗੂ ਹੋਵੇਗਾ।

11. ਉਪਰੋਕਤ ਦਰਸਾਈਆਂ ਗਈਆਂ ਸ਼ਰਤਾ/ਨਿਯਮ /ਰਾਖਵਾਕਰਨ ਸਰਕਾਰ ਵਲੋ ਸਮੇ ਸਮੇ ਜਾਰੀ ਕੀਤੀਆਂ ਹਦਾਇਤਾਂ ਅਨੁਸਾਰ ਹੋਵੇਗਾ।

12. ਇਸ ਇਸ਼ਤਿਹਾਰ/ਭਰਤੀ ਸਬੰਧੀ ਜੇਕਰ ਕੋਈ ਤਰੁਟੀ ਧਿਆਨ ਵਿੱਚ ਆਉਂਦੀ ਹੈ ਤਾਂ ਉਸ ਨੂੰ ਸੁਧਾਰਨ ਦਾ ਹੱਕ ਨਗਰ ਨਿਗਮ ਜਲੰਧਰ ਪਾਸ ਰਾਖਵਾ ਹੋਵੇਗਾ।

13. ਇਸ ਭਰਤੀ ਸੰਬੰਧੀ ਕਿਸੇ ਵੀ ਤਰ੍ਹਾਂ ਦੀ ਸੋਧ ਨਗਰ ਨਿਗਮ, ਜਲੰਧਰ ਦੀ ਵੈਬਸਾਈਟ www.mcjalandhar.in ਤੇ ਹੀ ਪ੍ਰਕਾਸ਼ਿਤ ਕੀਤੀ ਜਾਵੇਗੀ।

14. ਇਹਨਾਂ ਭਰੀਆਂ ਸੰਬੰਧੀ ਕਿਸੇ ਵੀ ਤਰ੍ਹਾਂ ਦੀ ਕਾਨੂੰਨੀ ਕਾਰਵਾਈ ਦਾ ਨਿਪਟਾਰਾ ਜਿਲਾ ਜਲੰਧਰ ਦੀ ਮਾਨਯੋਗ ਅਦਾਲਤ ਵੱਲੋ ਕੀਤਾ ਜਾਵੇਗਾ।

**ਕਮਿਸ਼ਨਰ**

**ਨਗਰ ਨਿਗਮ ਜਲੰਧਰ**